# ਪੂਰਬਵਾਦ/ਐਡਵਰਡ ਸਈਦ

ਪੂਰਬਵਾਦ (orientalism), ਉੱਤਰਬਸਤੀਵਾਦ ਚਿੰਤਨ ਅਤੇ ਸਿਧਾਂਤਾਂ ਦੀਆਂ ਮੁੱਢਲੀਆਂ ਪੁਸਤਕਾਂ ਵਿਚੋਂ ਇਕ ਅਹਿਮ ਅਤੇ ਬੁਨਿਆਦੀ ਪੁਸਤਕ ਹੈ ਜੋ 1978 ਵਿੱਚ ਪ੍ਰਕਾਸ਼ਿਤ ਹੋਈ ਸੀ। ਇਸ ਪੁਸਤਕ ਵਿਚ ਸਈਦ ਨੇ 19ਵੀਂ ਸਦੀ ਅਤੇ 20ਵੀਂ ਸਦੀ ਵਿਚ ਪੂਰਬ ਬਾਰੇ ਪੱਛਮੀ ਬੁੱਧੀਜੀਵੀਆਂ ਵੱਲੋਂ ਕੀਤੇ ਅਕਾਦਮਿਕ ਕਾਰਜਾਂ (ਧਰਮ, ਭਾਸ਼ਾ, ਇਤਿਹਾਸ, ਸਮਾਜ, ਮਾਨਵ ਵਿਗਿਆਨ, ਸਾਹਿਤ, ਯਾਤਰਾਵਾਂ, ਪ੍ਰਬੰਧਕੀ ਰਿਪੋਰਟਾਂ ਅਤੇ ਪਾਲਸੀਆਂ) ਦਾ ਅਧਿਐਨ ਅਤੇ ਵਿਸ਼ਲੇਸ਼ਣ ਕੀਤਾ ਹੈ। ਇਸ ਅਧਿਐਨ ਵਿਚ ਇਹ ਗੱਲ ਸਥਾਪਤ ਕੀਤੀ ਗਈ ਹੈ ਕਿ ਪੱਛਮੀ ਚਿੰਤਕਾਂ, ਵਿਦਵਾਨਾਂ, ਇਤਿਹਾਸਕਾਰਾਂ ਦੀ ਅਕਾਦਮਿਕਤਾ ਅਤੇ ਬੌਧਿਕਤਾ ਪੂਰਬ ਬਾਰੇ ਜੋ ਸੱਚ, ਪਛਾਣ, ਲੱਛਣ ਅਤੇ ਗਿਆਨ ਸਿਰਜਦੀ ਹੈ, ਉਹ ਅਸਲ ਵਿਚ ਪੂਰਬ ਦਾ ਯਥਾਰਥ/ਅਨੁਭਵ/ਜ਼ਿੰਦਗੀ ਨਹੀਂ, ਬਲਕਿ ਪੱਛਮ ਦੀ ਪੂਰਬ ਬਾਰੇ ਸਿਰਜੀ ਕਾਲਪਨਿਕ ਸੋਚ ਹੈ, ਜਿਸ ਵਿਚ ਪੂਰਬ ਅਪੇਸ਼ ਹੈ, ਗੈਰਹਾਜ਼ਰ ਹੈ, ਬੋਲਦਾ ਹੀ ਨਹੀਂ ਹੈ, ਬਲਕਿ ਪੂਰਬ ਦੇ ਹਵਾਲੇ ਰਾਹੀਂ ਪੱਛਮ ਬੋਲਦਾ ਹੈ। ਇਸ ਬੋਲ ਦਾ ਸਰੋਤਾ ਵੀ ਪੱਛਮ ਹੈ, ਪੱਛਮੀ ਬੁੱਧੀਜੀਵੀ ਇਸ ਬੋਲ ਨੂੰ ਸੁਣ ਕੇ ਇਕ 'ਬਿਰਤਾਂਤਕ ਆਵਾਜ਼' ਦੀ ਪੇਸ਼ਕਾਰੀ ਕਰਦੇ ਹਨ। ਇਹ ਅਜਿਹੀ ਪੇਸ਼ਕਾਰੀ ਹੈ ਜਿਸ ਵਿਚ ਪੂਰਬ ਦੇ ਬੰਦੇ ਅਤੇ ਸਮਾਜ ਦੇ ਅਨੁਭਵ ਨਹੀਂ ਹਨ। ਪੂਰਬ ਤਾਂ ਇਕ ਸਟੇਜ ਵਾਂਗ ਹੈ, ਜਿਸ ਉੱਤੇ ਅਦਾਕਾਰ, ਦਰਸ਼ਕ ਅਤੇ ਜੱਜ ਪੱਛਮ ਹੈ। ਇਹ ਪੇਸ਼ਕਾਰੀ ਪੱਛਮ ਦੀ ਪੂਰਬ ਬਾਰੇ 'ਦਿਨੇ ਲਏ ਸੁਪਨੇ' ਅਤੇ 'ਯੂਰਪੀਅਨ ਕਲਪਨਾ' ਹੈ।

'ਪੂਰਬਵਾਦ' ਪੁਸਤਕ ਵਿਚ ਸਈਦ ਨੇ ਆਪਣਾ ਅਧਿਕਤਰ ਧਿਆਨ ਅਰਬ ਤੇ ਇਸਲਾਮ 'ਤੇ ਕੇਂਦਰਿਤ ਕੀਤਾ ਹੈ। ਜਿਸ ਕਰਕੇ ਕੁੱਝ ਆਲੋਚਕਾਂ ਨੇ ਸਈਦ ਦੀ ਪੁਸਤਕ ਪੂਰਬਵਾਦ ਨੂੰ ਇਸਲਾਮ ਹਮਾਇਤੀ ਅਤੇ ਪੱਛਮ ਵਿਰੋਧੀ ਸਮਝਿਆ ਹੈ। ਸਈਦ ਮੁਤਾਬਕ ਇਨ੍ਹਾਂ ਭੁਲੇਖਿਆਂ ਦੇ ਕਾਰਨ ਤੱਤਕਾਲੀ ਸਮਾਜੀ-ਇਤਿਹਾਸਕ ਸਥਿਤੀਆਂ ਅਤੇ ਹਾਲਾਤਾਂ ਦੇ ਨਾਲ-ਨਾਲ ਇਸ ਪੁਸਤਕ ਦਾ ਅਨੇਕਾਂ ਭਾਸ਼ਾਵਾਂ, ਅਨੇਕਾਂ ਮੁਲਕਾਂ ਅਤੇ

ਅਨੇਕਾਂ ਐਡੀਸ਼ਨਾਂ ਵਿਚ ਪ੍ਰਕਾਸ਼ਿਤ ਹੋਣ ਕਰਕੇ, ਇਕ ਪੁਸਤਕ ਦੇ ਹੀ ਅਨੇਕਾਂ ਪੁਸਤਕ-ਰੂਪ ਬਣ ਗਏ ਹਨ। ਵਿਭਿੰਨ ਥਾਵਾਂ ਤੇ ਵਿਭਿੰਨ ਪਾਠਕਾਂ ਵੱਲੋਂ, ਵਿਭਿੰਨ ਹਾਲਾਤਾਂ ਵਿਚ ਇਸ ਕਿਤਾਬ ਨੂੰ ਦਿੱਤੇ ਵਿਭਿੰਨ ਹੁੰਗਾਰਿਆਂ ਕਾਰਨ ਇਹ ਕਿਤਾਬ ਬੜੇ ਵਿਰੋਧਾਂ ਅਤੇ ਮਤਭੇਦਾਂ ਵਾਲੀ ਪੁਸਤਕ ਹੈ। ਇਨ੍ਹਾਂ ਮਤਭੇਦਾਂ ਨੂੰ ਦੂਰ ਕਰਨ ਲਈ ਸਈਦ 1995 ਵਿਚ 'ਪੂਰਬਵਾਦ' ਪੁਸਤਕ ਦੇ ਐਡੀਸ਼ਨ ਵਿਚ ਇਕ ਅੰਤਿਕਾ ਲਿਖ ਕੇ, ਪੁਸਤਕ ਬਾਰੇ ਪੈਦਾ ਹੋਈਆਂ ਭ੍ਰਾਂਤੀਆਂ ਦਾ ਬੜਾ ਸਾਫ਼ ਅਤੇ ਸਪਸ਼ਟ ਜੁਆਬ ਦਿੰਦਾ ਹੈ।

ਸਈਦ ਨੇ ਇਹ ਸਪਸ਼ਟ ਕੀਤਾ ਕਿ ਪੂਰਬਵਾਦ ਤੋਂ ਭਾਵ ਇਕ ਰਾਜਸੀ ਸਬਜੈਕਟ ਤੋਂ ਹੈ, ਕਿਉਂਕਿ ਪੱਛਮ ਪੂਰਬ ਉੱਤੇ ਭੂਗੋਲਿਕ ਤੌਰ ਤੇ ਬਸਤੀਆਂ ਬਣਾ ਕੇ ਹੀ ਕਾਬਜ ਨਹੀਂ ਹੁੰਦਾ ਬਲਕਿ ਇਸ ਕਬਜੇ ਨੂੰ 'ਮਾਨਵੀਂ ਰੂਪ' ਦੇ ਕੇ ਵੀ ਉਚਿੱਤ ਅਤੇ ਜਾਇਜ਼ ਠਹਿਰਾਉਣ ਲਈ ਇਕ ਰੇਸੀਅਲ ਅਤੇ ਸਭਿਆਚਾਰਕ ਥੀਉਰੀ ਦਾ ਆਸਰਾ ਲੈਂਦਾ ਹੈ। ਇਸ ਆਸਰੇ ਵਿਚ ਇਕ ਅਜਿਹਾ ਗਿਆਨ-ਉਤਪੰਨ ਕਰਦਾ ਹੈ ਜੋ ਗਿਆਨ ਆਪਣੇ ਆਧੁਨਿਕ ਰੂਪ ਅਤੇ ਵਿਗਿਆਨਿਕ ਸੋਚ ਰਾਹੀਂ ਪੱਛਮ ਦੀ ਉੱਚਤਾ ਦੇ ਵਿਚਾਰ ਦੀ ਤਾਰਕਿਕਤਾ ਵੀ ਘੜ ਲੈਂਦਾ ਹੈ। ਸਈਦ ਜਦੋਂ ਇਨ੍ਹਾਂ ਲੇਖਕਾਂ ਅਤੇ ਲਿਖਤਾਂ ਦੀ ਇਸ ਰਾਜਸੀ ਪਹੁੰਚ ਨੂੰ ਬੇਨਕਾਬ ਕਰਦਾ ਹੈ ਤਾਂ ਇਹ ਲਗਤਾ ਹੈ ਕਿ ਉਹ ਪੱਛਮ ਦੀ ਪੂਰਬ ਬਾਰੇ ਮਾੜੀ ਨੀਤੀਆਂ ਜੋ ਅੰਤਿਮ ਰੂਪ ਵਿਚ ਪੂਰਬ-ਵਿਰੋਧੀ ਹਨ, ਨੂੰ ਹੀ ਰੇਖਾਂਕ੍ਰਿਤ ਕਰ ਰਿਹਾ ਹੈ। ਪਰ ਗੱਲ ਐਨੀ ਹੀ ਨਹੀਂ ਹੈ।

ਇਹ ਸਥਿਤੀ ਪੁਸਤਕ ਦੇ ਸਤਹੀ ਵੇਰਵਿਆਂ ਤੱਕ ਸੀਮਤ ਹੋਣ ਕਰਕੇ ਹੈ, ਪੁਸਤਕ ਦੀ ਤਹਿ ਹੇਠ ਕਾਰਜ਼ਸ਼ੀਲ 'ਪਾਵਰ ਅਤੇ ਨਾਲਿਜ' ਦੇ ਆਪਸੀ ਸਬੰਧਾਂ ਦੀ ਨਾ ਸਮਝੀ ਹੈ। ਦੂਜਾ ਅਹਿਮ ਪੱਖ ਬੁੱਧੀਜੀਵੀ ਅਤੇ ਸਟੇਟ ਦੇ ਸਬੰਧਾਂ ਨੂੰ ਪਛਾਣਨਾ ਵੀ ਅਤਿ ਜਰੂਰੀ ਹੈ। ਤੀਜਾ ਸ਼ਕਤੀਸ਼ਾਲੀ ਸਟੇਟ ਬੁੱਧਜੀਵੀਆਂ ਰਾਹੀਂ ਇਕ 'ਲੋਕ ਸਹਿਮਤੀ' ਉਤਪੰਨ ਕਰਦੀ ਹੈ। ਪੱਛਮੀ ਲਿਖਤਾਂ ਵਿਚ ਅਜਿਹੀ ਸਹਿਮਤੀ ਅਤੇ ਗਿਆਨ ਦੀ ਬਾਰ-ਬਾਰ ਪੇਸ਼ਕਾਰੀ ਹੋਈ ਹੈ। ਰੇਨਾਨ, ਗਿੱਬਸ, ਫਲਾਬੇਅਰ ਆਦਿ ਲੇਖਕ ਅਤੇ ਲਿਖਤਾਂ ਇਕ ਖਾਸ ਤਰ੍ਹਾਂ ਦੀ

ਬੁੱਧੀਜਵੀ ਅਥਾਰਟੀ ਹਨ, ਜੋ ਇਕ ਵਿਸ਼ੇਸ਼ ਕਿਸਮ ਦੇ ਰਾਜਸੀ ਮਨਸੂਬੇ ਦੀ overtaking and intertaxtuality ਵਿਚੋਂ ਉਪਜੀਆਂ ਹਨ। ਇਸ ਅਥਾਰਟੀ ਦਾ ਮਕਸਦ ਵਿਚਾਰ ਉਤਪੰਨ ਕਰਨਾ, ਫੈਲਾਉਣਾ, ਕੰਟਰੋਲ ਕਰਨਾ, ਬਰਕਰਾਰ ਰੱਖਣਾ ਹੈ। ਇਹ ਬਰਕਰਾਰੀ ਉਦੋਂ ਹੀ ਹੋਵੇਗੀ ਜਦੋਂ ਵਿਚਾਰ/ਗਿਆਨ ਨੂੰ ਰਾਜਸੀ ਤਾਕਤ (ਬਸਤੀਵਾਦੀ-ਸਾਮਰਾਜੀ), ਬੌਧਿਕ ਤਾਕਤ (ਬੁੱਧੀਜੀਵੀ ਤਬਕਾ) ਸਭਿਆਚਾਰਕ ਤਾਕਤ (ਪਾਠ, ਬਿਰਤਾਂਤ, ਕੀਮਤਾਂ, ਪ੍ਰਤਿਮਾਨ, ਸੁਆਦ) ਅਤੇ ਨੈਤਿਕ ਤਾਕਤ (ਅਸੀਂ-ਤੁਸੀਂ, ਪੂਰਬ-ਪੱਛਮ, ਗੋਰੇ-ਕਾਲੇ) ਮਿਲਦੀ ਹੈ। ਅਜਿਹੀ ਤਾਕਤ ਨਾਲ ਸਿਧਾਂਤ, ਪ੍ਰੈਕਟਿਸ ਅਤੇ ਅਨੁਭਵ ਦਾ ਬਦਲ ਬਣ ਜਾਂਦੇ ਹਨ। ਅਨੁਭਵ ਖਾਰਜ ਹੋ ਜਾਂਦੇ ਹਨ। ਸਪਸ਼ਟ-ਸ਼ਬਦਾਂ ਵਿਚ ਇਹ ਮਸਲਾ ਅਪੇਸ਼ ਅਤੇ ਪੇਸ਼ਕਾਰੀ ਵਿਚਲੇ ਫਾਸਲੇ ਨੂੰ ਮੁਖਾਤਬ ਹੈ। ਇਤਿਹਾਸਕ ਵਿਕਾਸ ਵਿਚ ਅਜਿਹੇ ਇਤਿਹਾਸਕ ਚੇਂਜ ਦੇ ਅਨੁਭਵ ਬੜੀ ਚਾਲਾਕੀ ਨਾਲ ਛੁਪਾ ਲਏ ਜਾਂਦੇ ਹਨ। ਨਾਲ ਹੀ ਉਨ੍ਹਾਂ ਬਾਰੇ 'ਹੀਣ ਭਾਵਨਾ', ਕਮਜ਼ੋਰ ਹੋਂਦ ਦੇ ਸੱਚ ਦੀ ਪੇਸ਼ਕਾਰੀ ਕਰ ਦਿੱਤੀ ਜਾਂਦੀ ਹੈ, ਜੋ ਸੱਚ ਨਹੀਂ ਹੁੰਦੀ।

ਤਾਕਤ ਅਤੇ ਗਿਆਨ ਦੇ ਇਸ ਆਪਸੀ ਰਿਸ਼ਤੇ ਨੂੰ ਸਮਝਣ ਲਈ ਸਈਦ ਇਸ ਪੁਸਤਕ ਦੀ ਭੂਮਿਕਾ ਵਿਚ 'ਸਟ੍ਰੈਟੇਜਿਕ ਲੋਕੇਸ਼ਨ' ਅਤੇ 'ਸਟ੍ਰੈਟੇਜਿਕ ਫਾਰਮੇਸ਼ਨ' ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਗਿਆਨ ਦੀ ਅਥਾਰਟੀ ਨੂੰ ਸਮਝਣ ਲਈ ਸਟ੍ਰੈਟੇਜਿਕ ਲੋਕੇਸ਼ਲ ਤੋਂ ਭਾਵ ਅਜਿਹਾ ਢੰਗ ਹੈ ਜਿੱਥੇ ਲੇਖਕ ਅਤੇ ਲਿਖਾਂਤ ਦੀ ਪੁਜੀਸ਼ਨ ਨੂੰ ਉਸ ਦੇ ਲੇਖਣ ਦੇ ਪ੍ਰਸੰਗ ਵਿਚ ਅਤੇ ਫਾਰਮੇਸ਼ਨ ਤੋਂ ਭਾਵ ਲੇਖਕ, ਲਿਖਤ ਅਤੇ ਲੇਖਣ ਦੇ ਰਿਸ਼ਤੇ ਨੂੰ ਬਾਕੀ ਹੋਰ ਦੂਜੀ ਲਿਖਤਾਂ, ਰੂਪਾਂ, ਯਾਨਰਾਂ ਅਤੇ ਸਭਿਆਚਾਰਾਂ ਨਾਲ ਸਬੰਧਿਤ ਕਰਕੇ ਵੇਖਿਆ ਜਾਂਦਾ ਹੈ। ਪੂਰਬਵਾਦ ਪੁਸਤਕ ਵਿਚ ਸਈਦ ਪੱਛਮੀ ਲੇਖਕਾਂ ਅਤੇ ਲਿਖਤਾਂ ਰਾਹੀਂ ਉਨ੍ਹਾਂ ਦੇ ਪੂਰਬੀ ਵਿਰੋਧੀ ਰੂਪ ਨੂੰ ਹੀ ਨਹੀਂ ਵੇਖ ਰਿਹਾ ਬਲਕਿ ਉਸ ਡਾਇਲੈਕਟਿਸ ਨੂੰ ਵੇਖ ਰਿਹਾ ਹੈ ਜਿੱਥੋਂ ਇਹ ਲੇਖਕ, ਲਿਖਤਾਂ ਆਪਣਾ ਉਤਪਾਦਨ ਵੀ ਕਰਦੀਆਂ ਹਨ ਅਤੇ ਉਸ ਪ੍ਰਣਾਲੀ ਲਈ ਯੋਗਦਾਨ ਵੀ ਪਾਉਂਦੀਆਂ ਹਨ। ਇਹ ਉਹ ਦਸ਼ਾ, ਜਿੱਥੇ ਜ਼ਿੰਦਗੀ ਦਾ ਹਰ ਕਾਰਜ ਅੰਤਿਮ ਰੂਪ ਵਿਚ ਰਾਜਸੀ ਹੈ। ਰਾਜਸੀ ਮਸਲੇ, ਸਟੇਟ ਅਤੇ ਮਸ਼ੀਨਰੀ ਰਾਹੀਂ ਹੀ ਦ੍ਰਿਸ਼ਟੀਗੋਚਰ

ਨਹੀਂ ਹੁੰਦੇ ਬਲਕਿ ਸਿਵਲ ਸੁਸਾਇਟੀ, ਲੇਖਕ, ਲਿਖਤਾਂ ਵੀ ਆਪਣੇ-ਆਪ ਵਿਚ ਰਾਜਸੀ ਹੁੰਦੀਆਂ ਹਨ। ਸਈਦ ਆਪਣੇ ਅਧਿਐਨ ਵਿਚ ਵਿਅਕਤੀਗਤ ਲੇਖਕਾਂ ਅਤੇ ਲਿਖਤਾਂ ਦੇ ਇਸ ਰਾਜਸੀ ਅਮਲ ਨੂੰ ਤਿੰਨ ਵੱਡੇ ਸਾਮਰਾਜਾਂ ਬਰਤਾਨੀਆ, ਫਰਾਂਸ ਅਤੇ ਅਮਰੀਕਾ ਕੇਂਦਰਿਤ ਕਰਕੇ ਵੇਖਦਾ ਹੈ। ਇਹ ਲਿਖਤਾਂ ਇਨ੍ਹਾਂ ਕੇਂਦਰਾਂ ਦੀਆਂ ਹੀ ਉਪਜਾਂ ਹਨ ਅਤੇ ਇਨ੍ਹਾਂ ਕੇਂਦਰਾਂ ਨੂੰ ਹੀ ਦ੍ਰਿੜ ਕਰਦੀਆਂ ਹਨ।

ਅਜਿਹੀ ਸੋਝੀ ਕਾਰਨ ਪੂਰਬ-ਪੱਛਮ, ਉੱਤਰ-ਦੱਖਣ, ਕਾਲੇ-ਗੋਰੇ ਅਤੇ ਅਸੀਂ-ਤੁਸੀਂ ਵਰਗੀਆਂ ਪਛਾਣਾਂ ਅਤੇ ਸੋਚ ਕੋਈ ਅੰਤਿਮ ਅਤੇ ਸਦੀਵੀ/ਕੁਦਰਤੀ ਸੱਚ ਨਹੀਂ ਹਨ, ਸਗੋਂ ਮਨੁੱਖੀ ਘਾੜਤਾਂ ਅਤੇ ਪੇਸ਼ਕਾਰੀਆਂ ਹਨ, ਜਿਨ੍ਹਾਂ ਦੀ ਆਪਣੇ ਯਥਾਰਥ ਨਾਲ ਰਿਸ਼ਤਾ ਆਪ ਹੁਦਰਾ ਹੈ। ਅਜਿਹੀ ਪੇਸ਼ਕਾਰੀਆਂ ਵਿਚ ਸਭਿਆਚਾਰ ਅਤੇ ਗਿਆਨ ਆਪਣੇ ਸਮੇਂ ਦੀਆਂ ਇਤਿਹਾਸਕ ਤਾਕਤਵਰ ਧਿਰਾਂ ਦੇ ਪਾਲਕ, ਸੰਚਾਲਕ, ਰੱਖਿਅਕ, ਵਾਹਕ ਬਣਦੇ ਹਨ। ਸਈਦ ਨੂੰ ਹੋਮਰ, ਦਾਤੇ, ਕਾਮਤੇ, ਮਾਰਕਸ, ਨਿਊਟਨ, ਫਰਾਇਡ, ਬਰਟਨ, ਰੇਨਾਨ, ਬਲਾਮੋਰ, ਗਿੱਬਜ਼, ਮਸੀਗਨਨ, ਸਾਸੀ, ਲਮਾਰਤੀਨ ਸਾਹਿਤਕਾਰ, ਇਤਿਹਾਸਕਾਰ, ਮਾਨਵ-ਵਿਗਿਆਨੀ, ਸਮਾਜ-ਵਿਗਿਆਨੀ ਅਤੇ ਭਾਸ਼ਾ ਵਿਗਿਆਨੀ ਆਦਿ ਸਾਮਰਾਜੀ ਗਿਆਨ ਦੀ ਅਥਾਰਟੀ ਅਤੇ ਕੰਟਰੋਲ ਨੂੰ ਲੋਕਾਂ ਵਿਚ ਸਹਿਮਤੀ, ਸਹਿਜ, ਕੁਦਰਤੀ ਬਣਾ ਕੇ ਪੇਸ਼ ਕਰਨ ਵਾਲੇ ਨਜ਼ਰ ਆਉਂਦੇ ਹਨ। ਜਿਨ੍ਹਾਂ ਦੀ ਪੇਸ਼ਕਾਰੀ ਅਤੇ ਸੱਚ ਵਿਚ ਇਕ ਫਾਸਲਾ ਹੈ। ਇਸ ਫਾਸਲੇ ਵਿਚ ਅਪੇਸ਼ ਅਤੇ ਪੇਸ਼ ਦੀ ਵੀ ਖਾਈ ਹੈ। ਖਾਮੋਸ਼ ਹੈ। ਚੁੱਪ ਹੈ। ਇਸ ਅਪੇਸ਼, ਖਾਮੋਸ਼ੀ ਅਤੇ ਚੁੱਪ ਨੂੰ ਸਈਦ ਅਦਰ (Other) ਦਾ ਨਾਮ ਦਿੰਦਾ ਹੈ। ਇਸ 'ਅਦਰ' ਦੇ ਅਪੇਸ਼ ਹੋਣ ਵਿਚ ਹੀ ਪੂਰਬਵਾਦ ਹੈ। ਇਹ ਪੂਰਬਵਾਦ ਉਸ ਪੱਛਮੀ ਕਲਚਰ ਦਾ ਹੁੰਗਾਰਾ ਹੈ ਜੋ ਯੂਰਪ ਨੇ ਘੜਿਆ ਸੀ, ਨਾ ਕਿ ਇਹ ਪੂਰਬ ਦਾ ਵਸਤੂ-ਯਥਾਰਥ ਅਤੇ ਸਮਾਜੀ ਮਨੁੱਖੀ ਅਨੁਭਵ ਸੀ। ਵਸਤੂ ਅਨੁਭਵ ਨਾਲੋਂ ਇਨ੍ਹਾਂ ਲੋਕਾਂ ਬਾਰੇ ਸਿਧਾਂਤਕੀ ਗਿਆਨ ਸੀ ਜੋ ਭਾਸ਼ਾਈ, ਫਰਾਇਡੀਅਨ, ਮਾਰਕਸੀ, ਡ੍ਰਾਵਡੀਅਨ, ਰੇਸਿਸਟ ਪੂਰਬਵਾਦ ਸੀ ਨਾ ਕਿ ਅਸਲ ਪੂਰਬ (real orient) ਸੀ।

ਪੁਸਤਕ ਦਾ ਮਕਸਦ ਕੋਈ ਸ਼ੁੱਧ ਪੂਰਬ (real orient) ਇਕ ਬਦਲ ਵਜੋਂ ਪੇਸ਼ ਕਰਨਾ ਨਹੀਂ ਹੈ ਜਿਵੇਂ ਆਮ ਤੌਰ ਤੇ ਸਮਝ ਲਿਆ ਜਾਂਦਾ ਹੈ ਮਕਸਦ ਇਹ ਵੇਖਣਾ ਹੈ ਕਿ ਪੂਰਬ ਅਤੇ ਪੂਰਬਵਾਦ ਵਿਚਲਾ ਰਿਸ਼ਤਾ ਤਾਕਤਵਾਦ ਅਤੇ ਤਾਕਤਹੀਣ ਇਕ ਪਾਸੜ ਹੈ। ਗਿਆਨ ਦੀਆਂ ਸਵੀਕ੍ਰਿਤੀਆਂ ਅਤੇ ਭੁਲੇਖਿਆਂ ਰਾਹੀਂ ਪੂਰਬਵਾਦ ਇਕ ਮਨੁੱਖੀ ਗਿਆਨ ਸੀ ਪਰ ਵਿਡੰਬਨਾ ਇਹ ਸੀ ਕਿ ਮਨੁੱਖਤਾ ਦੇ ਨਾਂ ਉੱਤੇ ਹੀ ਆਪਣਾ ਆਧੁਨਿਕ ਗਿਆਨ ਫੈਲਾ ਕੇ ਉਸ ਰਾਹੀਂ ਕੇਵਲ ਭੂਗੋਲਿਕ ਜਿੱਤਾਂ ਨੂੰ ਹੀ ਉਚਿਤ ਨਹੀਂ ਠਹਿਰਾਉਂਦਾ ਬਲਕਿ ਇਤਿਹਾਸ ਉੱਤੇ ਵੀ ਜਿੱਤ ਪ੍ਰਾਪਤ ਕਰਨ ਦੇ ਨਾਲ-ਨਾਲ, ਸਮਾਜੀ-ਮਨੁੱਖੀ ਅਰਥਾਂ ਉੱਤੇ ਵੀ ਜੇਤੂ ਬਣ ਜਾਂਦਾ ਹੈ। ਇਸ ਤੋਂ ਵੀ ਵੱਡਾ ਦੁਖਾਂਤ ਇਹ ਹੈ ਕਿ ਇਨ੍ਹਾਂ ਮੂਲ/ਨੇਟਿਵ ਥਾਵਾਂ ਦਾ ਬਾਸ਼ਿੰਦਾ ਅੱਜ ਖੁਦ ਸੈਕੂਲਰ ਰਾਸ਼ਟਰਵਾਦ, ਪੱਛਮੀ ਬਿੰਬਾਂ, ਚਿੰਨ੍ਹਾਂ ਅਤੇ ਬਿਰਤਾਂਤਾਂ ਦੀਆਂ ਸਵੀਕ੍ਰਿਤੀਆਂ ਹੀ ਨਹੀਂ ਦੇ ਰਿਹਾ ਸਗੋਂ ਉਨ੍ਹਾਂ ਲਈ ਆਪ ਖੁਦ ਇਕ ਵੱਡੀ ਮਾਰਕੀਟ ਮੁਹੱਈਆ ਕਰ ਰਿਹਾ ਹੈ। ਭਾਵ Modern orient participating in is own orientalizationing ਦੀ ਦਸ਼ਾ ਹੈ। ਸਈਦ ਨੇ ਇਸ ਗੱਲ ਨੂੰ ਬਿਲਕੁਲ ਰੱਦ ਕੀਤਾ ਹੈ ਕਿ ਪੂਰਬ ਦੀ ਠੀਕ ਪੇਸ਼ਕਾਰੀ ਕੇਵਲ ਪੂਰਬੀ ਲੋਕਾਂ ਉੱਤੇ ਨਿਰਭਰ ਕਰਦੀ ਹੈ ਕਿਉਂਕਿ ਪੂਰਬ ਵਿਚ ਵੀ ਸਾਮਰਾਜ ਦਾ ਹਮਾਇਤੀ ਉੱਚ ਤਬਕਾ ਉਹੋ ਬੋਲੀ ਹੀ ਬੋਲਦਾ ਹੈ।

ਮਸਲਾ ਪੂਰਬ ਅਤੇ ਪੱਛਮ ਦਾ ਨਹੀਂ ਜਿਵੇਂ ਆਮ ਤੌਰ ਤੇ ਇਸ ਪੁਸਤਕ ਨੂੰ ਸਮਝਿਆ ਜਾਂਦਾ ਹੈ ਸਗੋਂ ਲੋੜ ਵੱਡੇ ਪ੍ਰਸੰਗ ਵਿਚ ਲਿਖਤਾਂ, ਲੇਖਕਾਂ, ਬੁੱਧੀਜੀਵੀਆਂ ਅਤੇ ਗਿਆਨ ਨੂੰ ਸਾਮਰਾਜੀ ਧੌਂਸ ਦੀ ਅਥਾਰਟੀ ਦੇ ਆਪਸੀ ਗਤੀਸ਼ੀਲ ਅਨਿੱਖੜ ਸਬੰਧਾਂ ਵਿਚ ਵੇਖਣਾ ਹੈ। ਜਿੱਥੇ ਵੀ ਤਾਕਤ ਕਾਰਜਸ਼ੀਲ ਹੈ, ਉੱਥੇ ਹੀ ਦਮਨ ਹੈ। ਸਈਦ ਦਮਨ ਦੇ ਸ਼ਿਕਾਰ ਲੋਕਾਂ ਦੀ ਇਤਿਹਾਸਕਾਰੀ ਰਾਹੀਂ ਆਧੁਨਿਕ ਸੋਚ ਅਤੇ ਸੂਝ ਮਾਡਲਾਂ ਵਿਚ ਇਕ ਨਵੀਂ ਰੂਹ ਅਤੇ ਜਾਨ ਪੈਦਾ ਕਰਦਾ ਹੈ। ਸਈਦ ਪੁਸਤਕ ਵਿਚ ਇਸ ਗੱਲ ਤੋਂ ਖੁਸ਼ ਹੈ ਕਿ ਭਾਵੇਂ ਅਰਬ ਮੁਲਕਾਂ ਅਤੇ ਅਮਰੀਕਾ ਵਿਚ ਇਸ ਪੁਸਤਕ ਨੂੰ ਸਹੀ ਰੂਪ ਵਿਚ ਨਹੀਂ ਸਮਝਿਆ ਗਿਆ ਪਰ ਭਾਰਤ, ਜਪਾਨ, ਚੀਨ, ਅਫਰੀਕਾ, ਆਸਟਰੇਲੀਆ ਅਤੇ ਹੋਰ ਅਨੇਕਾਂ

ਥਾਵਾਂ ਤੇ ਇਸ ਨੂੰ ਇਕ 'ਸਬਾਲਟਰਨ ਸਟੱਡੀ' ਪੱਖੋਂ ਸਵੀਕਾਰ ਕੀਤਾ ਗਿਆ ਹੈ। ਆਧੁਨਿਕ ਚਿੰਤਨ ਅਤੇ ਅਧਿਐਨ ਵਿਧੀਆਂ ਵਿਚ ਵਿਬਸਤੀਕਰਨ (Decolonization) ਦੀ ਸੋਚ ਪੈਦਾ ਕਰਨੀ ਅਤੇ ਗਿਆਨ ਨੂੰ ਕ੍ਰਿਟੀਕਲ ਚੇਤਨਾ ਦੇ ਰੂਪ ਵਿਚ ਸਮਝਣਾ ਇਸ ਪੁਸਤਕ ਦੀ ਵੱਡੀ ਪ੍ਰਾਪਤੀ ਹੈ। ਮਨੁੱਖ ਅਤੇ ਸਮਾਜਕ ਅਧਿਐਨ ਵੇਲੇ ਨਿਰਪੇਖ ਸਿਧਾਂਤਾਂ ਨਾਲੋਂ ਸਥਿਤੀਆਂ ਅਤੇ ਅਨੁਭਵਾਂ ਨੂੰ ਪਹਿਲ ਦੇਣ ਵਾਲੀ ਰਚਨਾ ਹੈ। ਸਈਦ ਅਨੁਸਾਰ ਜਦੋਂ ਮੈ ਇਹ ਪੁਸਤਕ ਲਿਖ ਰਿਹਾ ਸੀ ਉਸ ਵਕਤ ਮੇਰੇ ਮਨ ਵਿਚ ਪੂਰਬ-ਪੱਛਮ ਦਾ ਸੁਆਲ ਨਫ਼ਰਤ ਦੀ ਭਾਵਨਾ ਤੋਂ ਤਾਂ ਮੁਕਤ ਸੀ ਹੀ, ਨਾਲ ਹੀ ਕਿਸੇ ਇਕਹਿਰੀ ਅਤੇ ਸਥਿਰ ਪਛਾਣ ਤੋਂ ਵੀ ਮੁਕਤ ਸੀ ਪਰ ਮਨ ਵਿਚ ਇਸ ਗੱਲ ਬਾਰੇ ਸੁਚੇਤ ਸਾਂ ਕਿ ਉਹ ਆਪਣੇ ਆਪ ਨੂੰ ਪੇਸ਼ ਨਹੀਂ ਕਰ ਸਕਦੇ (They can not represent themselves) ਇਹ ਪੁਸਤਕ ਧਰਮ, ਕੌਮਾਂ, ਰਾਸ਼ਟਰਾਂ, ਪੂਰਬ-ਪੱਛਮ ਦੀ ਨਿਸ਼ਚਿਤ ਦੁਵੰਡ ਵਾਲੀ ਪਛਾਣ ਨਾਲੋਂ ਪਾਰ-ਰਾਸ਼ਟਰੀ, ਪਾਰ-ਸਭਿਆਚਾਰਕ ਮਸਲਿਆਂ ਦੀ ਨਿਸ਼ਾਨਦੇਹੀ ਕਰਨ ਵਾਲੀ ਹੈ। ਤਰਫਦਾਰੀਆਂ, ਹਮਦਰਦੀਆਂ, ਨੇਟਿਵ, ਰਾਸ਼ਟਰ ਦੀ ਹੱਠਧਰਮੀ ਕੱਟੜਤਾਈਆਂ ਦੀ ਰਿਜਰਵੇਸ਼ਨ, ਸੀਮਾਵਾਂ, ਤੰਗੀਆਂ ਦੇ ਦਮਨਸ਼ੀਲ ਸਿਸਟਮਾਂ ਨੂੰ ਕ੍ਰਿਟੀਕਲ ਚੇਤਨਾ ਦੇ ਰੂਪ ਵਿਚ ਗ੍ਰਹਿਣ ਕਰਨ ਵਾਲੀ ਇਕ ਮਾਨਵਵਾਦੀ ਸੋਚ ਦੀ ਧਾਰਨੀ ਹੈ। ਜਿੱਥੇ ਕਿਤੇ ਵੀ, ਕਦੇ ਵੀ, ਕਿਸੇ ਵੀ ਸਮੇਂ ਦਮਨਸ਼ੀਲ ਗਿਆਨ-ਸੋਚ ਹੈ, ਉੱਥੇ ਹੀ ਪੂਰਬਵਾਦ ਹੈ। ਇਹ ਪੂਰਬਵਾਦ ਪੱਛਮ ਤੋਂ ਹਟ ਕੇ ਅੱਜ ਨੇਟਿਵ ਥਾਵਾਂ ਵਿਚ, ਨੇਟਿਵਾਂ ਰਾਹੀਂ ਹੀ ਵਧ ਫੁੱਲ ਰਿਹਾ ਹੈ। ਇਸ ਨੂੰ ਪੂਰਬ-ਪੱਛਮ ਕੇਂਦਰਿਤ ਕਰਕੇ ਵੇਖਣ ਦੀ ਥਾਂ ਇਕ ਵਿਸ਼ਵ-ਵਿਆਪੀ ਵਰਤਾਰੇ ਦੇ ਰੂਪ ਵਿਚ ਗ੍ਰਹਿਣ ਕੀਤਾ ਜਾ ਸਕਦਾ ਹੈ। ਮਸਲਾ ਪੂਰਬ-ਪੱਛਮ, ਗੋਰੇ-ਕਾਲੇ ਦਾ ਨਹੀਂ ਸਗੋਂ ਹਰ ਤਰ੍ਹਾਂ ਦੇ ਦਮਨ ਦੇ ਵਿਰੁੱਧ ਬੋਲਣ ਦਾ ਹੈ ਜਿਵੇਂ ਕਿ :

" Orientalism has more often been thought of as a kind of testimonial to subaltern status-The wretched of the earth talking back - than as a multicultural critique of Power using knowledge to advance itself …self-repre-

senting Consciousness of what had formerly been suppressed and distorted…

" Procedure of crossing, Rather than maintaining, barriers; I believe orientalism as a book … humanistic study. non dominative … nonessentialist type of learning…

(336-7)

" Study of the ways in which the Power, Scholarship and imagination of two hundred years old tradition in Europe and America viewed the middle East, Arab and Jslem.

" Orientalism cannot be accounted for either by saying that the real orient is different from orientalists portraits of it, or by saying that since orientalists are westerns for the most part, they cannot be expected to have an inner sense of what the orient is all about … I .. do not believe … that only a black can write about black, a muslism about muslism.

(P.322)

ਇੰਝ ਪੱਛਮੀ ਪੂਰਬਵਾਦੀ, ਪੂਰਬ ਦੀ ਹਕੀਕਤ ਅਤੇ ਜ਼ਿੰਦਗੀ ਦੇ ਸਬਜੈਕਟ ਦੀ ਪੇਸ਼ਕਾਰੀ ਨਾਲੋਂ ਵਧੇਰੇ ਇਸ ਜ਼ਿੰਦਗੀ ਦੇ ਮਨਘੜਤ ਕਾਲਪਨਿਕ ਖਿਆਲਾਂ, ਵਿਚਾਰਾਂ, ਦ੍ਰਿਸ਼ਟੀਆਂ ਦੀ ਬਿਰਤਾਂਤਕ ਚੇਤਨਾ ਹੈ ਜੋ ਪੂਰਬ ਦੀ ਜ਼ਿੰਦਗੀ ਅਤੇ ਧਰਤੀ ਦੇ ਕੇਵਲ ਹਵਾਲੇ ਹਨ। ਜੋ ਆਪਣੇ ਗਿਆਨ ਅਤੇ ਤਾਕਤ ਦੀ ਸੱਤਾ ਅਤੇ ਸਰਦਾਰੀ ਨਾਲ ਇਕ ਪਛਾਣ ਅਤੇ ਸੱਚ, ਦੂਜੇ ਲੋਕਾਂ ਬਾਰੇ ਬਣਾਉਂਦੇ ਹਨ। ਇਸ ਸੱਤਾ ਸਰਦਾਰੀ ਪੂਰਬਵਾਦ ਇਕ ਮਿੱਥ ਹੈ, ਪ੍ਰਵਚਨ ਹੈ, ਪੈਰਾਡਾਈਮ ਹੈ, ਇਕ ਚਿਹਨ ਅਤੇ ਰਾਜਸੀ ਕਾਰਜ ਹੈ ਜੋ ਅਕਾਦਮਿਕ ਅਤੇ ਅਧਿਐਨ ਖੇਤਰਾਂ ਵਜੋਂ ਵਿਕਸਿਤ ਹੋ ਕੇ ਯੂਰਪੀ ਲੋਕਾਂ ਲਈ ਇਕ ਪਰੰਪਰਾ

ਬਣ ਜਾਂਦਾ ਹੈ। ਯੂਰਪੀਅਨ ਬੁੱਧੀਜੀਵੀ ਪੂਰਬ ਦੇ ਸਬਜੈਕਟ ਦੀ ਪੇਸ਼ਕਾਰੀ ਨਾ ਕਰਕੇ ਕੇਵਲ ਆਪਣੀ ਇਸ ਪਰੰਪਰਾ ਨੂੰ ਹੀ ਪੇਸ਼ ਕਰਦਾ ਹੈ, ਬੋਲ ਬਖ਼ਸ਼ਦਾ ਹੈ।

ਇਸ ਪੇਸ਼ਕਾਰੀ ਦਾ ਸਬੰਧ ਉਸ ਵਿਚਾਰਧਾਰਾ ਅਤੇ ਦ੍ਰਿਸ਼ਟੀ ਨਾਲ ਹੈ ਜੋ ਸਾਮਰਾਜੀ ਮਨਸੂਬਿਆਂ ਨੂੰ ਢਕਣ ਲਈ ਪੱਛਮ ਨੂੰ ਤਾਰਕਿਕ, ਵਿਕਸਿਤ, ਮਨੁੱਖਤਾ, ਉੱਚਤਾ ਦੀ ਅਥਾਰਟੀ ਅਤੇ ਸਵੀਕ੍ਰਿਤੀ ਲਈ ਇਕ ਪਾਠਗਤ ਭਾਸ਼ਾਈ ਪ੍ਰਪੰਚ ਤੋਂ ਵਾਸਤਵਿਕ ਅਤੇ ਹਕੀਕਤ ਦਾ ਰੂਪ ਦੇ ਕੇ, ਪੂਰਬ ਨੂੰ ਅਤਾਰਕਿਕ, ਅਵਿਕਸਿਤ, ਅਸੱਭਿਅਕ, ਜਾਂਗਲੀ, ਆਪਣੇ ਆਪ ਬਾਰੇ ਸੋਚਣ ਤੋਂ ਅਸਮਰੱਥ ਅਤੇ ਹੀਣਤਾ ਦੇ ਭਾਵਾਂ ਦੀ ਪਛਾਣ ਵਾਲੇ ਮਨੁੱਖਾਂ ਵਜੋਂ ਪਰਿਭਾਸ਼ਿਤ ਕਰਦੀ ਹੈ। ਜਿਸ ਵਿਚ ਇਹ ਪੂਰਬੀ ਪਹਿਲਾਂ ਹੈ, ਬੰਦਾ ਬਾਅਦ ਵਿਚ। ਜਿਹਨਾਂ ਕੋਲ ਇਹ ਵੀ ਸੋਝੀ ਨਹੀਂ ਕਿ ਸੜਕਾਂ ਤੁਰਨ ਲਈ ਹਨ ਜਾਂ ਨਹੀਂ। ਪੂਰਬ ਦਾ ਇਹ ਅਜਿਹਾ ਖਿੱਤਾ ਹੈ ਜਿੱਥੇ ਯੂਨੀਵਰਸਿਟੀਆਂ ਤਾਂ ਹਨ ਪਰ ਕੋਈ ਡਿਗਰੀ ਹਾਸਲ ਕਰਨ ਵਾਲਾ ਨਹੀਂ ਹੈ। ਦੂਜੇ ਸ਼ਬਦਾਂ ਵਿਚ ਅਜਿਹੇ ਲੋਕਾਂ ਦੀ ਮੁਕਤੀ ਲਈ ਯੂਰਪੀਆਂ ਦਾ ਉੱਥੇ ਰਹਿਣਾ ਲਾਜ਼ਮੀ ਹੈ। ਇਸ ਪਛਾਣ ਵਿਚ ਯੂਰਪ ਤਾਕਤਵਾਰ, ਮਰਦਾਊ ਹੈ ਅਤੇ ਪੂਰਬ ਤਾਕਤਹੀਣ ਅਤੇ ਔਰਤਾਂ ਵਰਗਾ ਹੈ। ਜਿਨ੍ਹਾਂ ਕੋਲ ਨਾ ਸਵੈ-ਰਾਜ ਅਤੇ ਸਵੈ-ਸੁਤੰਤਰ ਰਹਿ ਸਕਣ ਦੀ ਹਿੰਮਤ ਹੈ। ਜਿਸ ਕਰਕੇ ਇਨ੍ਹਾਂ ਦਾ ਰਾਜ ਚਲਾਉਣ ਲਈ ਤੇ ਉਨ੍ਹਾਂ ਨੂੰ ਸੁਤੰਤਰ ਕਰਨ ਲਈ ਯੂਰਪੀਆਂ ਦੀ ਮੌਜੂਦਗੀ ਵੀ ਲਾਜ਼ਮੀ ਹੈ। ਇਸ ਲਿਹਾਜ਼ ਨਾਲ ਹੀ ਯੂਰਪ ਇਸਲਾਮ, ਅਰਬ, ਏਸ਼ੀਆ ਦੇ ਧਰਮਾਂ ਨੂੰ ਸੁਸਤ, ਅਕਰਮਕ, ਅਬਦਲ, ਵਿਕਾਸ ਵਿਰੋਧੀ, ਧਾੜਵੀ, ਹਿੰਸਕ ਅਤੇ ਅਮਨੁੱਖੀ ਬਣਾ ਕੇ ਪੇਸ਼ ਕਰਦੇ ਹਨ। ਯੂਰਪ ਦੀ ਕਲਪਨਾ ਆਪਣੀਆਂ ਗੱਲਾਂ ਨੂੰ ਸਹੀ ਸਿੱਧ ਕਰਨ ਅਤੇ ਪੱਛਮ ਦਾ ਕੰਟਰੋਲ ਜਾਰੀ ਰੱਖਣ ਲਈ ਆਪਣੀ ਜੀਵ ਵਿਗਿਆਨਕ, ਜੈਨੇਟਿਕ, ਰੇਸੀਅਲ ਥਿਊਰੀ ਦੇ ਗਿਆਨ ਦਾ ਆਸਰਾ ਲੈ ਕੇ ਲੋਕਾਂ ਤੋਂ ਸਵੀਕ੍ਰਿਤੀ ਹਾਸਿਲ ਕਰਨ ਦਾ ਗਿਆਨ-ਪ੍ਰਬੰਧ ਉਸਾਰਦੀ ਹੈ। ਇਸ ਵਿਚ ਹੀ ਧਰਮਾਂ, ਭਾਸ਼ਾ, ਵਿਆਕਰਨਾਂ ਅਤੇ ਸਭਿਆਚਾਰਾਂ ਦੇ ਅਧਿਐਨ ਸ਼ਾਮਲ ਹਨ। ਇਨ੍ਹਾਂ ਦਾ ਮਕਸਦ ਇਸ ਯੂਰਪੀ ਤਾਕਤ-ਗਿਆਨ ਅਤੇ ਉੱਚਤਾ ਦੀ ਧੌਂਸ ਨੂੰ ਜਿਊਂਦਾ ਰੱਖਣਾ ਸੱਚ ਵਰਗਾ ਸੱਚ ਪੈਦਾ

ਕਰਨਾ ਹੈ।

ਅਜਿਹਾ ਪੂਰਬਵਾਦ ਲਿਖਤਾਂ ਦਾ ਨਿਯੰਤਰੀਕਰਨ ਕਰਨ ਵਾਲਾ ਹੈ, ਸਹਿਮਤੀਆਂ ਹਾਸਲ ਕਰਨ ਵਾਲਾ ਹੈ, ਸਬਜੈਕਟ ਅਤੇ ਅਨੁਭਵਾਂ ਨਾਲੋਂ ਕਲਪਨਾਵਾਂ ਦਾ ਇਕ ਸਿਸਟਮ ਹੈ, ਵਿਆਖਿਆਵਾਂ ਦੇ ਵਿਭਿੰਨ ਅਨੁਸ਼ਾਸ਼ਨ ਹਨ, ਇਕ ਰਾਜਸੀ ਮਨੋਰਥ ਹੈ, ਇਕ ਭਾਸ਼ਾਈ ਭ੍ਰਮ ਅਤੇ ਸੱਚ ਹੈ, ਤਾਕਤ ਦੀ ਇਕ ਪਾਸੜ ਭਾਸ਼ਾ ਹੈ, ਇਕ ਨਾਂਹਮੁੱਖੀ ਵਿਚਾਰਧਾਰਾ ਹੈ, ਇਤਿਹਾਸਕਾਰਾਂ-ਸਾਹਿਤਕਾਰਾਂ-ਪ੍ਰਬੰਧਕਾਂ-ਨੀਤੀਆਂ ਘਾੜਿਆਂ ਦਾ ਹੁੰਗਾਰਾ ਹੈ; ਜਿਸ ਵਿਚ ਪੱਛਮ ਪ੍ਰਾਥਮਿਕ ਆਡਰ ਹੈ ਅਤੇ ਪੂਰਬ ਇਕ ਦੂਜੈਲਾ ਆਡਰ ਹੈ। ਜਿੱਥੇ ਸਵੈ-ਪੇਸ਼ਕਾਰੀ ਗੈਰਹਾਜਰ ਹੈ, ਪੂਰਬ ਗੈਰ ਹਾਜਰ ਹੈ ਪਰ ਪੂਰਬਵਾਦ ਹਾਜ਼ਰ ਹੈ। ਪੂਰਬ ਇਕ ਕਮਜ਼ੋਰ ਧਿਰ ਹੈ। ਪੂਰਬ ਦਾ ਇਹ ਦੂਜੈਲਾ ਰੂਪ ਅੱਜ ਵਿਸ਼ਵ-ਵਿਆਪੀ ਅਮਰੀਕਨ ਸਥਿਤੀਆਂ ਵਿਚ ਵੀ ਜਾਰੀ ਹੈ। ਅਮਰੀਕਨ ਸਾਮਰਾਜੀ ਗਲਬੇ ਪ੍ਰਤੀ ਬੁੱਧੀਜੀਵੀਆਂ ਦੀ ਚੁੱਪ, ਇਸ ਦਾ ਹੀ ਪ੍ਰਗਟਾ ਹੈ। ਅਰਬ ਅਤੇ ਇਸਲਾਮ ਵਰਗੇ ਵਿਸ਼ਿਆਂ ਬਾਰੇ ਅਧਿਐਨ ਅਰਬੀ ਭਾਸ਼ਾ ਵਿਚ ਹੋਣ ਦੀ ਥਾਂ ਅਮਰੀਕੀ ਦੁਨੀਆਂ ਵਿਚ ਹੋ ਰਹੇ ਹਨ। ਅਮਰੀਕਾ, ਏਸ਼ੀਆ ਅਤੇ ਅਰਬ ਵਿਚ ਆਪ ਨਵੇਂ ਬਿੰਬ ਅਤੇ ਪ੍ਰਤੀਕਾਂ ਨੂੰ ਸਿਰਜ ਕੇ ਵੱਡੀ ਮਾਰਕੀਟ ਵਿਚ ਨਾ ਕੇਵਲ ਵੇਚ ਹੀ ਰਿਹਾ ਹੈ ਸਗੋਂ ਲੋਕਾਂ ਦੇ ਸੁਹਜ-ਸੁਆਦਾਂ, ਪ੍ਰਾਥਮਿਕਤਾਵਾਂ ਵੀ ਘੜ ਰਿਹਾ ਹੈ। ਅਮਰੀਕੀ ਆਰਥਿਕ ਦਬਾਵਾਂ ਵਿੱਚ ਸਭਿਆਚਾਰਕ ਦਮਨ ਉਥੋਂ ਦੇ ਸਵਦੇਸ਼ੀਆਂ ਮੂਲਬਾਸ਼ਿੰਦਿਆਂ ਦੀ ਸਹਿਮਤੀ ਅਤੇ ਉੱਚ ਤਬਕੇ ਦੀ ਮਿਲੀਭੁਗਤ ਨਾਲ ਚਲ ਰਿਹਾ ਹੈ। ਅਰਬ-ਏਸ਼ੀਅਨ ਮੁਲਕਾਂ ਦਾ ਅਮਰੀਕੀ ਯੂਨੀਵਰਸਿਟੀਆਂ 'ਚ ਪੜ੍ਹਿਆ ਟ੍ਰੇਨਿੰਗ ਹਾਸਲ ਬੰਦਾ ਆਪਣੀ ਵਿੱਦਵਤਾ ਅਤੇ ਪ੍ਰਭਾਵ ਲਈ ਅਮਰੀਕਨ ਰੰਗ ਢੰਗ ਅਤੇ ਸਿਧਾਂਤਾਂ ਰਾਹੀਂ ਉੱਚਤਾ ਹਾਸਲ ਕਰ ਰਿਹਾ ਹੈ। ਕਹਿਣ ਨੂੰ ਹੀ (native informant) ਹੈ। ਇਹ ਸਾਰਾ ਕੁੱਝ ਪੁਰਾਣੀ ਭੂਗੋਲਿਕ, ਨਸਲੀ ਉੱਚਤਾ ਦੇ ਪੱਛਮੀ ਪੂਰਬਵਾਦ ਦੀ ਬੁਨਿਆਦੀ ਸਟਰਕਚਰ ਨੂੰ ਹੀ ਦੁਹਰਾ ਰਿਹਾ ਹੈ। ਫ਼ਰਕ ਸਿਰਫ ਇਹ ਹੈ ਕਿ ਹੁਣ ਸਾਮਰਾਜ ਦਾ ਕੇਂਦਰ ਬਰਤਾਨੀਆ, ਫਰਾਂਸ ਨਾਲੋਂ ਅਮਰੀਕਾ ਹੈ। ਅੱਜ ਵੀ ਬੁੱਧੀਜੀਵੀ ਅਤੇ ਸਟੇਟ ਆਪਸ ਵਿਚ ਸਾਮਰਾਜੀ ਸਹਿਮਤੀਆਂ ਅਤੇ ਕੰਟਰੋਲ ਦੀ ਹੀ

ਭਾਸ਼ਾ ਬੋਲ ਰਹੇ ਹਨ। ਸਾਰਾ ਕਾਸੇ ਦਾ ਕੇਂਦਰ ਅਜੋਕਾ ਅਮਰੀਕੀ ਸਾਮਰਾਜ ਹੈ :

A small financial elite expands its power over the whole globe, inflating commodity, service sector, redistributing wealth from lower-income sectors to high.

ਜਦੋਂ ਇਹ ਪੁਸਤਕ ਬੁਧੀਜੀਵੀਆਂ ਅਤੇ ਸਟੇਟ ਦੇ ਆਪਸੀ ਮੇਲ ਵਿਚ (ਤਾਕਤ-ਗਿਆਨ) ਬੌਧਿਕ ਭ੍ਰਿਸ਼ਟਤਾ ਦੀਆਂ ਦਲੀਲਾਂ ਦੇ ਰਹੀ ਹੈ ਤਾਂ ਸੁਆਲ ਉਪਜਦਾ ਹੈ ਕਿ ਇਸ ਪੁਸਤਕ ਦਾ ਕੋਈ ਉਸਾਰੂ ਪੱਖ ਹੈ ਜਾਂ ਨਹੀਂ? ਪੂਰਬਵਾਦ ਦਾ ਬਦਲ ਕੀ ਹੈ? ਸਈਦ ਅਨੁਸਾਰ ਇਹ ਕਿਤਾਬ ਸਹਿਮਤੀਆਂ ਦੇ ਹੁੰਗਾਰਿਆਂ ਵਾਲੇ ਗਿਆਨ ਦੇ ਸਾਹਮਣੇ /ਸਮਾਂਤਰ ਇਕ ਵੰਗਾਰਮਈ ਕ੍ਰਿਟੀਕਲ ਚੇਤਨਾ ਪੈਦਾ ਕਰਦੀ ਹੈ। ਅਨਵਰ ਅਬਦੇਲ ਮਲਿਕ, ਮੈਕਸੀਮੇ ਰੋਡੀਸਨ, ਜੈਕ ਬਰਕੀ ਵਰਗੇ ਅਜਿਹੇ ਬੁੱਧੀਜੀਵੀ ਹਨ ਜੋ ਸਾਮਰਾਜੀ ਗਲਬਿਆਂ ਤੋਂ ਮੁਕਤ ਹੋ ਕੇ ਕੰਮ ਕਰ ਰਹੇ ਹਨ। ਸਥਿਤੀ ਇਹ ਹੈ ਕਿ ਕਈ ਬੁੱਧੀਜੀਵੀ ਵਿਅਕਤੀਗਤ ਰੂਪ ਵਿਚ ਬੜਾ ਸੁਹਿਰਦ ਕੰਮ ਕਰ ਰਹੇ ਹਨ ਪਰ ਸਾਮਰਾਜੀ ਗਲਬਾ ਉਨ੍ਹਾ ਦੇ ਚਿੰਤਨ ਨੂੰ ਆਪਣੀ ਆਭਾ ਹੇਠ ਲੁਕਾ ਲੈਂਦਾ ਹੈ ਜਾਂ ਢਕ ਲੈਂਦਾ ਹੈ ਕਿਉਂਕਿ ਇਹ ਵਿਅਕਤੀ ਇਸ ਸਥਿਤੀ ਬਾਰੇ ਸੁਚੇਤ ਨਹੀਂ ਹੁੰਦੇ ਹਨ ਜਿਵੇਂ ਕਲਿਫੋਰਡ ਗੀਅਰਟਜ਼ (Clifferd GeertZ) ਨਾਲ ਹੋਇਆ ਹੈ। ਦੂਜਾ ਅਜਿਹੇ ਬੁੱਧੀਜੀਵੀ ਵੀ ਹਨ ਜੋ ਪੂਰਬਵਾਦੀ ਅਤੇ ਸਮਾਜਵਾਦੀ ਸੰਸਥਾਵਾਂ ਵਿਚ ਟ੍ਰੇਨਿੰਗ ਲੈ ਕੇ ਇਨ੍ਹਾਂ ਤੋਂ ਪਾਰ ਲੰਘ ਜਾਂਦੇ ਹਨ ਅਤੇ ਮਨੁੱਖੀ ਮੁਕਤੀ ਲਈ ਬੌਧਿਕ ਘਾਲਣਾਵਾਂ ਘਾਲਦੇ ਹਨ ਜਿਵੇਂ ਅਬਦੇਲ ਮਲਿਕ, ਰੋਡੀਸਨ, ਬਰਤੀ ਅਤੇ ਭਾਰਤੀ ਰਣਜੀਤ ਗੂਹਾ ਆਦਿ ਹਨ।

ਸੁਆਲ ਇਹ ਸਮਝਣ ਦਾ ਹੈ ਕਿ ਦੂਜਾ ਸਭਿਆਚਾਰ ਕੀ ਹੈ? ਦੂਜੇ ਸਭਿਆਚਾਰ ਨੂੰ ਕੋਈ ਕਿਵੇਂ ਪੇਸ਼ ਕਰਦਾ ਹੈ? ਵੱਖਰੇ/ਭਿੰਨ ਸਭਿਆਚਾਰ (ਜਾਤ, ਧਰਮ, ਸਭਿਅਤਾ) ਕੀ ਢੁਕਵੇਂ ਹਨ? ਅਜਿਹੇ ਸਭਿਆਚਾਰ ਆਪਣੇ ਬਾਰੇ ਪ੍ਰਸੰਸਕ ਅਤੇ ਦੂਜਿਆਂ ਨੂੰ ਸਮਝਣ ਵੇਲੇ ਹਿੰਸਕ, ਨਫ਼ਰਤ ਵਾਲੇ ਕਿਉਂ ਬਣ ਜਾਂਦੇ ਹਨ? ਕੀ ਸਮਾਜੀ-ਆਰਥਕ, ਰਾਜਸੀ-

ਸਭਿਆਚਾਰਕ ਮੁੱਦਿਆਂ ਤੇ ਮਸਲਿਆਂ ਮੁਕਾਬਲੇ ਧਰਮ, ਨਸਲ, ਸਭਿਅਤਾ ਦੇ ਵਖਰੇਵੇਂ ਅਹਿਮ ਹਨ? ਬੁਧੀਜੀਵੀਆਂ ਦਾ ਕੀ ਰੋਲ ਹੈ? ਕੋਈ ਵਿਚਾਰ ਅਥਾਰਟੀ ਅਤੇ ਸੱਚ ਕਿਵੇਂ ਬਣਦਾ ਹੈ? ਅਜਿਹੇ ਸੁਆਲ ਹਨ ਜਿਨ੍ਹਾਂ ਨੂੰ ਸਮਝਣ ਲਈ ਇਹ ਕਿਤਾਬ ਇਕ ਨਿਵੇਕਲੀ ਸੋਝੀ ਅਤੇ ਅੰਤਰ-ਦ੍ਰਿਸ਼ਟੀ ਪ੍ਰਾਦਨ ਕਰਦੀ ਹੈ। ਨਿਰਪੇਖ ਸਿਧਾਂਤਾਂ ਮੁਕਾਬਲੇ ਮਨੁੱਖੀ ਅਨੁਭਵਾਂ ਅਤੇ ਸਥਿਤੀਆਂ ਨੂੰ ਪਹਿਲ ਦੇਣ ਵਾਲੀ ਰਚਨਾ ਹੈ। ਮਨੁੱਖੀ ਭਾਈਚਾਰੇ ਦੀ ਬੇਹਤਰੀ ਲਈ ਸਾਂਝੇ ਉਦਮ ਦੀ ਤਮੰਨਾ ਹੈ ਜੋ ਪੂਰਬ-ਪੱਛਮ ਦੀਆਂ ਹੱਦਾ ਨਾਲੋਂ ਹੱਦਾਂ ਦੇ ਆਰ-ਪਾਰ ਦੀ ਸੋਝੀ ਰੱਖਦੀ ਹੈ। ਪੁਸਤਕ ਦੀ ਨਵੇਕਲੀ ਸੁਰ ਇਹ ਹੈ ਕਿ ਜੇਕਰ ਵੀਹਵੀਂ ਸਦੀਂ 'ਚ ਮਨੁੱਖ ਨੇ ਰਾਜਸੀ ਅਤੇ ਇਤਿਹਾਸਕ ਤੌਰ ਤੇ ਕੁੱਝ ਸਿੱਖਿਆ ਹੈ ਤਾਂ ਉਹ ਕੇਵਲ ਇਹ ਹੈ ਕਿ ਹਰ ਤਰ੍ਹਾਂ ਦੇ ਪੂਰਬਵਾਦ ਦਾ ਵਿਰੋਧ ਕਰਦਿਆਂ ਇਤਿਹਾਸਕ ਚੇਂਜ ਵਾਲੇ ਇਤਿਹਾਸਕ ਅਨੁਭਵਾਂ ਨੂੰ ਸਮਝਣਾ ਲਾਜਮੀ ਹੈ ਜਿਹੜੇ ਵਿਬਸਤੀਕਰਨ ਵਾਲੇ ਹੋਣ, ਜਿਨ੍ਹਾਂ ਨੂੰ ਅਕਸਰ ਹੀ ਦਬਾਇਆ ਗਿਆ ਹੈ। ਸੋ ਇਹ ਪੁਸਤਕ ਬਸਤੀਵਾਦੀ ਚਿੰਤਨ ਦੇ ਸਾਹਮਣੇ ਇਕ ਵਿਬਸਤੀਵਾਦੀ ਕ੍ਰਿਟੀਕਲ ਗਿਆਨ ਨੂੰ ਉਤਸ਼ਾਹਿਤ ਕਰਨ ਵਾਲੀ ਰਚਨਾ ਹੈ। ਭਾਰਤ, ਚੀਨ, ਆਸਟਰੇਲੀਆ ਅਤੇ ਹੋਰ ਏਸ਼ੀਅਨ ਮੁਲਕਾਂ ਵਿਚ ਇਸ ਨੂੰ ਅਜਿਹਾ ਹੀ ਹੁੰਗਾਰਾ ਮਿਲਿਆ ਹੈ ਜਦੋਂ ਕਿ ਅਰਬ ਵਿਚ ਇਸ ਨੂੰ ਕੇਵਲ ਇਸਲਾਮੀ ਅਤੇ ਅਰਬ ਦੇ ਹਮਾਇਤੀ ਵਜੋਂ ਵੇਖਿਆ ਗਿਆ ਹੈ।

ਡਾ. ਬਲਕਾਰ ਸਿੰਘ
ਪੰਜਾਬ ਯੂਨੀਵਰਸਿਟੀ ਰਿਜਨਲ ਸੈਂਟਰ,
ਮੁਕਤਸਰ।